THE HUNTERIAN

# ਦ ਮੈਕਇੰਟੋਸ਼ ਹਾਊਸ

## ਰੂਮ ਦਰ ਰੂਮ



**ਕਰਿਪਾ ਕਰਕੇ ਵਰਤੋਂ ਤੋਂ ਬਾਅਦ ਇਸ ਦਸਤਾਵੇਜ਼ ਨੂੰ ਵਾਪਸ ਕਰੋ**

ਇਸ ਦਸਤਾਵੇਜ਼ ਨੂੰ ਆਪਣੀ ਵਰਤੋਂ ਲਈ ਤੁਹਾਡੇ ਆਪਣੇ ਡਿਵਾਈਸ 'ਤੇ ਹੇਠਾਂ ਦਿੱਤੇ ਕੋਡ ਦੀ ਵਰਤੋਂ ਕਰਕੇ ਡਾਊਨਲੋਡ ਕੀਤਾ ਜਾ ਸਕਦਾ ਹੈ।

University of Glasgow

# ਤੁਹਾਡਾ ਸੁਆਗਤ ਹੈ

## ਹੰਟੇਰੀਅਨ ਆਰਟ ਗੈਲਰੀ ਵਿੱਚ ਚਾਰਲਜ਼ ਰੇਨੀ ਮੈਕਇੰਟੋਸ਼ ਅਤੇ ਮਾਰਗਰੇਟ ਮੈਕਡੋਨਾਲਡ ਮੈਕਇੰਟੋਸ਼ ਦੇ ਕੰਮਾਂ ਦਾ ਸਭ ਤੋਂ ਮਹੱਤਵਪੂਰਨ ਸੰਗ੍ਰਹਿ ਹੈ।

**ਚਾਰਲਸ ਰੇਨੀ ਮੈਕਿੰਟੋਸ਼**
ਸਕਾਟਿਸ਼ ਆਰਕੀਟੈਕਟ, ਡਜ਼ਾਈਨਰ ਅਤੇ ਕਲਾਕਾਰ ਚਾਰਲਸ ਰੇਨੀ ਮੈਕਿੰਟੋਸ਼ (1868-1928) ਪਿਛਲੀ ਸਦੀ ਦੇ ਫੇਰ ਦੇ ਸਭ ਤੋਂ ਵਿਲੱਖਣ ਅਤੇ ਰਚਨਾਤਮਕ ਡਜ਼ਾਈਨਰਾਂ ਵਿੱਚੋਂ ਇੱਕ ਸਨ।  ਉਸਦੇ ਚਾਹ ਦੇ ਕਮਰੇ ਦੇ ਅੰਦਰੂਨੀ ਡਜ਼ਾਈਨ ਗਲਾਸਗੋ ਦੀ ਪਛਾਣ ਦਾ ਕੇਂਦਰੀ ਹਿੱਸਾ ਹਨ ਅਤੇ ਉਸਦੀਆਂ ਵਾਸਤੂਕਲਾ ਦੀਆਂ ਸ਼ਾਹਕਾਰ ਰਚਨਾਵਾਂ, ਜਿਨ੍ਹਾਂ ਵਿੱਚ ਦ ਹਿੱਲ ਹਾਊਸ ਅਤੇ ਕਵੀਨਜ਼ ਕਰਾਸ ਚਰਚ ਸ਼ਾਮਲ ਹਨ, ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਹਨ। ਉਸਦੇ ਕਮਰਿਆਂ ਵਿੱਚ ਉਸਦਾ ਆਪਣਾ ਡਜ਼ਾਈਨ ਕੀਤਾ ਫਰਨੀਚਰ ਸ਼ਾਮਲ ਹੈ ਜੋ ਕਿ ਬਹੁਤ ਧਿਆਨ ਅਤੇ ਸਟੀਕਤਾ ਨਾਲ ਵਿਵਿਸਥਿਤ ਕੀਤਾ ਗਿਆ ਹੈ। ਸਮੁੱਚਾ ਪ੍ਰਭਾਵ ਰੰਗ, ਰੋਸ਼ਨੀ, ਸਥਾਨ ਅਤੇ ਮਾਹੌਲ ਪ੍ਰਤੀ ਉਸਦੀ ਅਸਾਧਾਰਨ ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ।

**ਮਾਰਗਰੇਟ ਮੈਕਡੋਨਾਲਡ ਮੈਕਿੰਟੋਸ਼**
ਮਾਰਗਰੇਟ ਮੈਕਡੋਨਾਲਡ (1864-1933) ਪਿਛਲੇ ਸਦੀ ਦੇ ਫੇਰ ਦੇ ਗਲਾਸਗੋ ਵਿੱਚ ਕੰਮ ਕਰਨ ਵਾਲੀਆਂ ਸਭ ਤੋਂ ਗੁਣਵਾਨ ਕਲਾ-ਡਜ਼ਾਈਨਰਾਂ ਵਿੱਚੋਂ ਇੱਕ ਸਨ।  ਉਸ ਦੀ ਕਾਰਜ-ਸ਼ੈਲੀ ਪ੍ਰਭਾਵਸ਼ਾਲੀ ਹੈ: ਧਾਤੂ ਦਾ ਕੰਮ, ਕੱਪੜੇ, ਗ੍ਰਾਫਿਕਸ, ਵਾਟਰਕਲਰ ਅਤੇ ਜੈੱਸੋ।  ਜੈੱਸੋ ਨਾਲ ਉਸ ਦੀਆਂ ਪ੍ਰਾਪਤੀਆਂ ਬ੍ਰਿਟਿਨ ਵਿੱਚ ਬੇਜੋੜ ਸਨ। ਮੈਕਡੋਨਲਡ ਅਕਸਰ ਸਹਿਯੋਗ ਵਿੱਚ ਕੰਮ ਕਰਦੀ ਸੀ, 1890 ਦੇ ਦਹਾਕੇ ਵਿੱਚ ਆਪਣੀ ਪ੍ਰਤਿਭਾਸ਼ਾਲੀ ਭੈਣ ਫਰਾਂਸਿਸ ਨਾਲ ਅਤੇ ਬਾਅਦ ਵਿੱਚ 1900 ਦੇ ਸ਼ੁਰੂ ਵਿੱਚ ਮੈਕਿੰਟੋਸ਼ ਨਾਲ।

# ਦ ਮੈਕਇੰਟੋਸ਼ ਹਾਊਸ





ਕਰਿਪਾ ਕਰਕੇ ਫਲੈਸ਼ ਫੋਟੋਗ੍ਰਾਫੀ ਦੀ ਵਰਤੋਂ ਨਾ ਕਰੋ ਜਾਂ ਕਿਸੇ ਵੀ ਫਰਨੀਚਰ ਜਾਂ ਫਿਟਿੰਗ ਨੂੰ ਨਾ ਛੂਹੋ।

ਮੈਕਿੰਟੋਸ਼ ਹਾਊਸ ਵਿੱਚ 78 ਸਾਊਥਪਾਰਕ ਐਵੇਨਿਊ, ਗਲਾਸਗੋ ਦੇ ਮੁੜ-ਇਕੱਠੇ ਕੀਤੇ ਅੰਦਰੂਨੀ ਹਿੱਸੇ ਸ਼ਾਮਲ ਹਨ। ਮੂਲ ਰੂਪ ਵਿੱਚ 6 ਫਲੋਰੇਂਟਾਈਨ ਟੈਰੇਸ ਨਾਮ ਨਾਲ ਜਾਣਿਆ ਜਾਂਦਾ ਇਹ 19ਵੀਂ ਸਦੀ ਦੇ ਮੱਧ ਦਾ ਘਰ ਸੀ, ਜਿਸ ਨੂੰ ਮੈਕਿੰਟੋਸ਼ ਜੋੜੇ ਨੇ ਮੁੜ ਤਿਆਰ ਕੀਤਾ ਸੀ, ਜੋ 1906 ਤੋਂ 1914 ਤੱਕ ਇੱਥੇ ਰਹੇ ਸਨ।

ਅਸਲ ਘਰ ਨੂੰ 1960 ਦੇ ਦਹਾਕੇ ਦੇ ਸ਼ੁਰੂ ਵਿੱਚ ਢਾਹ ਦਿੱਤਾ ਗਿਆ ਸੀ, ਪਰ ਫਿਕਸਚਰ ਸੰਭਾਲ ਲਏ ਗਏ ਸਨ ਅਤੇ ਹੰਟੇਰੀਅਨ ਆਰਟ ਗੈਲਰੀ ਵਿੱਚ ਮੁੜ ਇਕੱਠੇ ਕੀਤੇ ਗਏ ਸਨ, ਮੈਕਿੰਟੋਸ਼ ਜੋੜੇ ਦੀਆਂ ਵਸਤੂਆਂ ਸਮੇਤ।

ਗੈਲਰੀ ਦੇ ਆਰਕੀਟੈਕਟ, ਵਿਟਫੀਲਡ ਪਾਰਟਨਰਜ਼, ਨੇ ਇਹ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕੀਤੀ ਕਿ ਕਮਰੇ ਅਸਲ ਨੂੰ ਦਰਸਾਉਂਦੇ ਹੋਣ। 78 ਸਾਊਥਪਾਰਕ ਐਵੇਨਿਊ ਸਿਰਫ਼ 100 ਮੀਟਰ ਦੀ ਦੂਰੀ ‘ਤੇ ਖੜ੍ਹਾ ਸੀ ਇਸ ਲਈ ਕੁਦਰਤੀ ਰੌਸ਼ਨੀ ਦੇ ਲਗਭਗ ਇੱਕੋ ਜਿਹੇ ਦ੍ਰਿਸ਼ਾਂ ਅਤੇ ਪ੍ਰਭਾਵਾਂ ਦਾ ਆਨੰਦ ਮਾਣਿਆ ਜਾਂਦਾ ਹੈ।

ਅੰਦਰੂਨੀ ਹਿੱਸੇ, ਜੋ 1981 ਵਿੱਚ ਮੁਕੰਮਲ ਕੀਤੇ ਗਏ ਸਨ, ਨੂੰ ਮੈਕਿੰਟੋਸ਼ ਜੋੜੇ ਦੇ ਆਪਣੇ ਫਰਨੀਚਰ ਨਾਲ ਸਜਾਇਆ ਗਿਆ ਹੈ - ਸਾਰਾ ਮੈਕਿੰਟੋਸ਼ ਦੇ ਡਿਜ਼ਾਈਨ ਅਨੁਸਾਰ - ਅਤੇ ਜਿੰਨਾ ਸੰਭਵ ਹੋ ਸਕੇ ਮੂਲ ਰੂਪ ਦੇ ਨੇੜੇ ਸਜਾਇਆ ਗਿਆ ਹੈ। ਛੋਟੀਆਂ-ਮੋਟੀਆਂ ਵਸਤੂਆਂ, ਫਿੱਟ ਕੀਤੇ ਕਾਰਪੇਟ, ਪਰਦੇ ਅਤੇ ਹੋਰ ਨਰਮ ਸਜਾਵਟੀ ਸਮਾਨ ਦੀ ਚੋਣ ਘਰ ਦੇ ਸਮਕਾਲੀ ਵਰਣਨਾਂ ਅਤੇ ਉਸ ਸਮੇਂ ਦੇ ਮੈਕਿੰਟੋਸ਼ ਦੇ ਅੰਦਰੂਨੀ ਹਿੱਸਿਆਂ ਦੀਆਂ ਤਸਵੀਰਾਂ ਦੇ ਆਧਾਰ ‘ਤੇ ਕੀਤੀ ਗਈ ਸੀ।

ਜਾਣ-ਪਛਾਣ ਗੈਲਰੀ ਮੈਕਿੰਟੋਸ਼ ਜੋੜੇ, ਉਨ੍ਹਾਂ ਦੇ ਘਰ ਅਤੇ ਸੰਗ੍ਰਹਿ ਦੀ ਕਹਾਣੀ ਦੱਸਦੀ ਹੈ।

# ਹਾਲ

ਹਾਲ ਵੱਚਿ ਮੈਕਿੰਟੋਸ਼ ਨੇ ਇੱਕ ਨਵਾਂ ਮੁੱਖ ਦਰਵਾਜ਼ਾ ਪੇਸ਼ ਕੀਤਾ, ਦੱਖਣ ਵੱਲ ਮੂੰਹ ਕਰਦੀ ਖੜਿਕੀ, ਪੈਨਲਿੰਗ ਅਤੇ ਕੰਧ-ਸਟ੍ਰੈਪਿੰਗ ਲਗਾਈ। ਸਭ ਤੋਂ ਆਕਰਸ਼ਕ ਵਸਤੂ ਹੈ ਕੁੱਟਿਆ ਹੋਇਆ ਲੀਡ ਸ਼ੀਸ਼ਾ, ਜਸਿਦਾ ਸਰਿਲੇਖ 'ਵੈਨਟਿੀ' ਹੈ ,ਜੋ ਮਾਰਗਰੇਟ ਅਤੇ ਫਰਾਂਸਸਿ ਮੈਕਡੋਨਲਡ ਅਤੇ ਫਰਾਂਸਸਿ ਦੇ ਪਤੀ ਜੇਮਸ ਹਰਬਰਟ ਮੈਕਨੇਅਰ ਦੁਆਰਾ 1896 ਵੱਚਿ ਡਜ਼ਿਾਈਨ ਕੀਤਾ ਅਤੇ ਬਣਾਇਆ ਸੀ।

# ਖਾਣੇ ਦਾ ਕਮਰਾ

ਸਭ ਤੋਂ ਮਹੱਤਵਪੂਰਨ ਤਬਦੀਲੀ ਉੱਤਰੀ ਕੰਧ 'ਤੇ ਇੱਕ ਨਵੀ ਚੁੱਲ੍ਹੀ ਦਾ ਲਗਾਇਆ ਜਾਣਾ ਸੀ। ਸਜਾਵਟੀ ਯੋਜਨਾ ਦਲੇਰੀ ਨਾਲ ਚੱਟਿੀ ਛੱਤ, ਫ੍ਰੀਜ਼ ਅਤੇ ਗੰਭੀਰ ਸਟੈਂਸਲਿ ਸਜਾਵਟ ਦੇ ਵਚਿਕਾਰ ਜਗ੍ਹਾ ਨੂੰ ਵੰਡਦੀ ਹੈ। ਗੂੜ੍ਹੇ ਰੰਗ ਨਾਲ ਰੰਗਆਿ ਫਰਨੀਚਰ 1890 ਦੇ ਅਖੀਰ ਤੋਂ 1900 ਤੱਕ ਦਾ ਹੈ। ਮਸਿ ਕ੍ਰੈਨਸਟਨ ਦੇ ਟੀ ਰੂਮਜ਼, ਆਰਗਾਇਲ ਸਟ੍ਰੀਟ, ਗਲਾਸਗੋ (1898) ਦੇ ਡਜ਼ਿਾਈਨ 'ਤੇ ਆਧਾਰਤਿ ਮੈਕਿੰਟੋਸ਼ ਦੀ ਪਹਲਿੀ 'ਹਾਈ-ਬੈਕ' ਕੁਰਸੀਆਂ ਸਭ ਤੋਂ ਪ੍ਰਭਾਵਸ਼ਾਲੀ ਹਨ। ਆਰਮਚੇਅਰ ਉੱਤੇ ਸ਼ਾਇਦ ਓਵਲ ਬੈਕ-ਰੇਲ ਵੱਚਿ ਮਾਰਗਰੇਟ ਮੈਕਡੋਨਲਡ ਦੁਆਰਾ ਇੱਕ ਤਖ਼ਤੀ ਸੀ। ਆਰਮਚੇਅਰ, ਡਾਇਨਿੰਗ ਟੇਬਲ ਅਤੇ ਲੱਕੜ ਦੀ ਬੈਠਣ ਵਾਲੀ ਕੁਰਸੀ ਗਲਾਸਗੋ ਸਕੂਲ ਆਫ਼ ਆਰਟ ਦੁਆਰਾ ਉਧਾਰ ਦੱਤਿੀ ਗਈ ਹੈ। ਮੇਜ਼ ਦੇ ਲੰਬੇ ਪਾਸਆਿਂ ਦੀਆਂ ਦੋ ਕੁਰਸੀਆਂ ਮੈਕਿੰਟੋਸ਼ ਦੀਆਂ ਸਨ, ਜਦੋਂ ਕ ਿਕੰਧ ਦੇ ਵਰਿੁੱਧ ਦੋ ਕੁਰਸੀਆਂ ਆਧੁਨਕਿ ਪ੍ਰਤੀਕਰਿਤਿੀਆਂ ਹਨ ਹਨ।

# ਸਟੂਡੀਓ-ਡਰਾਇੰਗ ਰੂਮ

ਦੋ ਕਮਰਿਆਂ ਨੂੰ ਤੋੜ ਕੇ ਇਹ ਹੈਰਾਨੀਜਨਕ ਐਲ-ਆਕਾਰ ਦਾ ਅੰਦਰੂਨੀ ਹੱਿਸਾ ਬਣਾਇਆ ਗਆਿ, ਜੋ ਪੂਰੀ ਤਰ੍ਹਾਂ ਚੱਿਟੇ ਰੰਗ ਨਾਲ ਸਜਾਇਆ ਗਆਿ ਹੈ ਅਤੇ ਦੱਖਣੀ ਕੰਧ 'ਤੇ ਨਵੀਂ ਲੇਟਵੀਂ ਖੜਿਕੀ ਤੋਂ ਰੋਸ਼ਨੀ ਨਾਲ ਭਰਿਆ ਹੋਇਆ ਹੈ। ਵਕਿਟੋਰੀਅਨ ਸਮੇਂ ਦੇ ਬਹੁਤ ਸਾਰੇ ਵੇਰਵੇ ਹਟਾ ਦੱਿਤੇ ਗਏ ਜਾਂ ਬਦਲ ਦੱਿਤੇ ਗਏ ਹਨ -- ਚੁੱਲ੍ਹੇ, ਦਰਵਾਜ਼ੇ, ਰੋਸ਼ਨੀ ਦੇ ਫਕਿਸਚਰ, ਕਾਰਨਸਿ,ਜਦਕਿ ਤਸਵੀਰ- ਰੇਲ ਦੇ ਪੱਧਰ ਤੋਂ ਉੱਪਰ ਇੱਕ ਸਕ੍ਰੀਨੰਿਗ ਕੰਧ ਲਗਾਈ ਗਈ ਤਾਂ ਜੋ ਦੋ ਪੂਰਬੀ ਖੜਿਕੀਆਂ ਦੇ ਲੰਬਕਾਰੀ ਅਨੁਪਾਤ ਨੂੰ ਛੁਪਾਇਆ ਜਾ ਸਕੇ।

ਫਰਨੀਚਰ ਗੂੜ੍ਹੇ ਰੰਗ ਨਾਲ ਰੰਗੀਆਂ ਵਸਤੂਆਂ, ਮੁੱਖ ਤੌਰ 'ਤੇ 1890 ਦੇ ਅਖੀਰ ਦੀਆਂ, ਅਤੇ 1900 ਦੇ ਦਹਾਕੇ ਦੇ ਸ਼ੁਰੂ ਦੀਆਂ ਚੱਿਟੇ ਰੰਗ ਨਾਲ ਰੰਗੀਆਂ ਵਸਤੂਆਂ ਦਾ ਕੁਸ਼ਲ ਮਸ਼ਿਰਣ ਗੂੜ੍ਹੇ ਸੀ।  ਕੁਝ ਵਸਤੂਆਂ ਨੂੰ ਮੈਕੰਿਟੋਸ਼ ਦੇ ਜੀਵਨਕਾਲ ਦੌਰਾਨ ਯੂਰਪੀ ਮਹਾਂਦੀਪ ਵੱਿਚ ਬਹੁਤ ਪ੍ਰਸ਼ੰਸਾ ਨਾਲ ਪ੍ਰਦਰਸ਼ਤਿ ਕੀਤਾ ਗਆਿ ਸੀ। ਉਦਾਹਰਨ ਲਈ ਡਰਾਇੰਗ ਰੂਮ ਵੱਿਚ ਸਟੈਂਸਲਿਡ ਕੁਰਸੀਆਂ ਅਤੇ ਅੰਡਾਕਾਰ ਟੇਬਲ ਮੈਕੰਿਟੋਸ਼ਸ ਦੇ ਮਸ਼ਹੂਰ ਕਮਰੇ ਦੀ ਸੈਟੰਿਗ 'ਦਿ ਰੋਜ਼ ਬੌਡੋਇਰ' ਦਾ ਹੱਿਸਾ ਬਣੇ ਜੋ 1902 ਵੱਿਚ ਟਊਿਰਨਿ ਵੱਿਚ ਪ੍ਰਦਰਸ਼ਤਿ ਕੀਤੀ ਗਈ ਸੀ।

ਮੈਕੰਿਟੋਸ਼ ਨੇ 1900 ਦੇ ਸ਼ੁਰੂ ਵੱਿਚ ਕਈ ਵੱਡੇ ਪ੍ਰੋਜੈਕਟਾਂ 'ਤੇ ਮਾਰਗਰੇਟ ਮੈਕਡੋਨਲਡ ਨਾਲਸਹਯੋਗ ਕੀਤਾ।  ਇਸ ਅੰਦਰੂਨੀ ਡਜ਼ਾਈਨ ਵੱਿਚ ਉਸ ਦੁਆਰਾ ਬਣਾਏ ਗਏ ਚਾਂਦੀ ਰੰਗ ਦੇ ਧਾਤੂ ਦੇ ਸਜਾਵਟੀ ਪੈਨਲ ਚੱਿਟੇ ਡੈਸਕ ਵੱਿਚ ਸ਼ਾਮਲ ਕੀਤੇ ਗਏ ਹਨ।

ਦੂਜੀ ਡੈਸਕ, ਸਟੂਡੀਓ ਵੱਿਚ ਮੈਹੋਗਨੀ ਦੀ ਲਖਿਣ ਵਾਲੀ ਅਲਮਾਰੀ, 1979 ਵੱਿਚ ਇੱਕ ਅੰਤਰਰਾਸ਼ਟਰੀ ਅਪੀਲ ਤੋਂ ਬਾਅਦ ਵਸ਼ਿਵ-ਰਕਿਾਰਡ ਕੀਮਤ 'ਤੇ ਖਰੀਦੀ ਗਈ ਸੀ।  ਇੱਕ ਪਰਸ਼ਿਕ੍ਰਤਿ ਡਜ਼ਾਈਨ, ਇਹ ਸੱਿਧੀਆਂ ਅਤੇ ਵਕਰ ਆਕਾਰਾਂ ਅਤੇ ਵੱਖ-ਵੱਖ ਸਜਾਵਟੀ ਸਮੱਗਰੀਆਂ ਨੂੰ ਜੋੜਦੀ ਹੈ।  ਇਸ ਦੇ ਨਾਲ ਦੀ ਕੁਰਸੀ ਇੱਕ ਨਕਲ ਹੈ।

ਜਵਿੇਂ ਕਿ ਮੈਕੰਿਟੋਸ਼ ਦੀਆਂ ਕੋਈ ਵੀ ਲਾਇਬ੍ਰੇਰੀਆਂ ਨਹੀ ਬਚੀਆਂ ਹਨ, ਸਟੂਡੀਓ ਦੀਆਂ ਕਤਿਾਬਾਂ ਦੀਆਂ ਸ਼ੈਲਫਾਂ ਨੂੰ ਉਹਨਾਂ ਦੀਆਂ ਜਾਣੀਆਂ ਜਾਣ ਵਾਲੀਆਂ ਦਲਿਚਸਪੀਆਂ ਅਤੇ ਪੜ੍ਹਨ ਨਾਲ ਸਬੰਧਤ ਸਰਿਲੇਖਾਂ ਨਾਲ ਭਰਿਆ ਗਆਿ ਹੈ। ਉਸ ਸਮੇਂ ਦੀਆਂ ਮੌਜੂਦ ਸਜਾਵਟੀ ਬਾਈਡੰਿਗ ਵਾਲੀਆਂ ਕਤਿਾਬਾਂ ਨੂੰ ਵੀ ਸ਼ਾਮਲ ਕੀਤਾ ਗਆਿ ਹੈ।

# ਦੂਜੀ ਮੰਜ਼ਿਲ 'ਤੇ ਲੈਂਡਿੰਗ

ਪੌੜੀਆਂ ਦੇ ਖੇਤਰ ਵਿੱਚ ਕੁੱਲ ਮਿਲਾ ਕੇ ਬਹੁਤ ਘੱਟ ਤਬਦੀਲੀਆਂ ਕੀਤੀਆਂ ਗਈਆਂ, ਸਿਵਾਏ ਪਹਿਲੀ ਮੰਜ਼ਿਲ ਦੇ ਲੈਂਡਿੰਗ 'ਤੇ ਇੱਕ ਨਵੀਂ ਦੱਖਣ ਵੱਲ ਮੂੰਹ ਕਰਦੀ ਖਿੜਕੀ ਲਗਾਉਣ ਦੇ। ਇਸ ਉੱਪਰਲੇ ਪੱਧਰ 'ਤੇ, ਪੱਛਮੀ ਕੰਧ 'ਤੇ ਤਖ਼ਤੀਆਂ ਲਗਾਈਆਂ ਗਈਆਂ ਸਨ ਅਤੇ ਉੱਪਰ ਵਲੋਂ ਟੀ ਰੂਮਜ਼ ਦੇ ਡਿਜ਼ਾਈਨ 'ਤੇ ਆਧਾਰਿਤ ਇੱਕ ਪਲਾਸਟਰ ਪੈਨਲ ਸ਼ਾਮਲ ਕੀਤਾ ਗਿਆ ਸੀ। ਧਾਰੀਦਾਰ ਪੌੜੀਆਂ ਇੱਕ ਛੱਤ ਵਾਲੇ ਸਟੂਡੀਓ/ਬੈੱਡਰੂਮ ਵੱਲ ਜਾਂਦੀਆਂ ਸਨ, ਜੋ ਮੁੜ ਨਿਰਮਿਤ ਨਹੀਂ ਕੀਤਾ ਗਿਆ।

# ਸੌਣ ਦਾ ਕਮਰਾ

ਸਟੂਡੀਓ-ਡਰਾਇੰਗ ਰੂਮ ਵਾਂਗ, ਦੋ ਕਮਰਿਆਂ ਨੂੰ ਤੋੜ ਕੇ ਇੱਕ ਐਲ -ਆਕਾਰ ਦਾ ਅਪਾਰਟਮੈਂਟ ਬਣਾਇਆ ਗਿਆ, ਜੋ ਚਿੱਟੇ ਰੰਗ ਨਾਲ ਸਜਾਇਆ ਗਿਆ, ਨਵੇਂ ਦਰਵਾਜ਼ੇ, ਰੋਸ਼ਨੀ ਦੇ ਫਿਟਿੰਗ ਅਤੇ ਚੁੱਲ੍ਹੇ ਨਾਲ। ਫਰਨੀਚਰ, ਜਿਸ ਦੀ ਮੂਰਤੀਕਲਾ ਵਰਗੀ ਬਾਰੀਕੀ ਪੌਦਿਆਂ ਅਤੇ ਪੰਛੀਆਂ ਦੇ ਰੂਪਾਂ ਤੋਂ ਪ੍ਰੇਰਿਤ ਸੀ, 1900 ਵਿੱਚ ਡਿਜ਼ਾਈਨ ਕੀਤਾ ਗਿਆ ਸੀ।

# ਮੈਕਿੰਟੋਸ਼ ਹਾਊਸ ਗੈਲਰੀ

ਮੈਕਿੰਟੋਸ਼ ਹਾਊਸ ਗੈਲਰੀ ਵਿੱਚ ਦੂਜੀ ਮੰਜ਼ਿਲ ਦੀ ਲੈਂਡਿੰਗ ਤੋਂ ਦਾਖਲ ਹੋਇਆ ਜਾਂਦਾ ਹੈ। ਇਸ ਵਿੱਚ ਯੂਨੀਵਰਸਿਟੀ ਦੇ ਮੈਕਿੰਟੋਸ਼ ਸੰਗ੍ਰਹਿ ਦੇ ਹੋਰ ਕੰਮ ਰੱਖੇ ਗਏ ਹਨ, ਜੋ ਦੁਨੀਆ ਦਾ ਸਭ ਤੋਂ ਵਿਸ਼ਾਲ ਮੈਕਿੰਟੋਸ਼ ਦੇ ਚਿੱਤਰਾਂ ਅਤੇ ਡਿਜ਼ਾਈਨਾਂ ਦਾ ਸੰਗ੍ਰਹਿ ਹੈ। ਗੈਲਰੀ ਦਾ ਇੱਕ ਸਥਾਈ ਹਿੱਸਾ ਮੈਕਿੰਟੋਸ਼ ਦੀਆਂ ਆਖਰੀ ਅੰਦਰੂਨੀ ਯੋਜਨਾਵਾਂ ਵਿੱਚੋਂ ਇੱਕ ਦੀ ਮੁੜ-ਸਿਰਜਣਾ ਹੈ, ਜੋ 1916 ਦਾ 78 ਡਰਨਗੇਟ, ਨੌਰਥੈਂਪਟਨ ਦਾ ਪ੍ਰਭਾਵਸ਼ਾਲੀ ਮਹਿਮਾਨ ਬੈਡਰੂਮ ਹੈ।

# ਮੈਕਿੰਟੋਸ਼ ਅਸਟੇਟ ਅਤੇ ਸੰਗ੍ਰਹਿ

ਮੈਕਿੰਟੋਸ਼ ਦੀ ਜਾਇਦਾਦ 1947 ਵਿੱਚ ਉਨ੍ਹਾਂ ਦੇ ਭਤੀਜੇ ਦੁਆਰਾ ਗਲਾਸਗੋ ਯੂਨੀਵਰਸਿਟੀ ਨੂੰ ਤੋਹਫ਼ੇ ਵਜੋਂ ਦਿੱਤੀ ਗਈ ਸੀ। ਇਸ ਦਾਨ ਨੇ ਯੂਨੀਵਰਸਿਟੀ ਨੂੰ ਮੈਕਿੰਟੋਸ਼ ਦੇ ਚਿੱਤਰਾਂ, ਡਿਜ਼ਾਈਨਾਂ ਅਤੇ ਵਾਟਰ ਕਲਰ ਦਾ ਬੇਮਿਸਾਲ ਸੰਗ੍ਰਹਿ ਪ੍ਰਦਾਨ ਕੀਤਾ, ਜੋ ਉਸਦੀ ਸਾਰੀ ਰਚਨਾ ਨੂੰ ਕਵਰ ਕਰਦਾ ਹੈ: ਆਰਕੀਟੈਕਚਰਲ ਸਕੈਚ ਅਤੇ ਡਿਜ਼ਾਈਨ, ਫੁੱਲਾਂ ਦੇ ਚਿੱਤਰ, ਅੰਦਰੂਨੀ ਡਿਜ਼ਾਈਨ, ਗ੍ਰਾਫਿਕ ਅਤੇ ਕੱਪੜੇ ਦੇ ਡਿਜ਼ਾਈਨ ਅਤੇ ਵਾਟਰ ਕਲਰ। ਇਸ ਤੋਂ ਇਲਾਵਾ, ਇੱਕ ਛੋਟਾ ਪਰ ਮਹੱਤਵਪੂਰਨ ਪੁਰਾਲੇਖ ਵਿੱਚ ਪੱਤਰ-ਵਿਹਾਰ, ਸਮਕਾਲੀ ਰਸਾਲੇ ਅਤੇ ਤਸਵੀਰਾਂ ਸ਼ਾਮਲ ਹਨ। ਜਾਇਦਾਦ ਵਿੱਚ ਮਾਰਗਰੇਟ ਮੈਕਡੋਨਲਡ ਦੀਆਂ 40 ਤੋਂ ਵੱਧ ਕਲਾਕ੍ਰਿਤੀਆਂ ਵੀ ਸ਼ਾਮਲ ਹਨ, ਜੋ ਉਸਦੀ ਰਚਨਾ ਦਾ ਸਭ ਤੋਂ ਵੱਡਾ ਇਕੱਲਾ ਪ੍ਰਤੀਨਿਧਿਤਵ ਹੈ।

1947 ਤੋਂ ਬਾਅਦ ਸੰਗ੍ਰਹਿ ਵਿੱਚ ਮਹੱਤਵਪੂਰਨ ਵਾਧੇ ਕੀਤੇ ਗਏ ਹਨ। 1000 ਤੋਂ ਵੱਧ ਵਸਤੂਆਂ ਦੇ ਨਾਲ, ਇਹ ਹੁਣ ਮੈਕਿੰਟੋਸ਼ ਦੇ ਅਧਿਐਨ ਲਈ ਵਿਸ਼ਵ ਕੇਂਦਰ ਹੈ। ਇਸ ਸੰਗ੍ਰਹਿ ਵਿੱਚ ਫਰਾਂਸਿਸ ਮੈਕਡੋਨਲਡ, ਜੇਮਜ਼ ਹਰਬਰਟ ਮੈਕਨੇਅਰ ਅਤੇ 1890 ਦੇ ਦਹਾਕੇ ਤੋਂ ਗਲਾਸਗੋ ਵਿੱਚ ਕੰਮ ਕਰ ਰਹੇ ਹੋਰ ਕਲਾਕਾਰਾਂ ਅਤੇ ਡਿਜ਼ਾਈਨਰਾਂ ਦੇ ਕੰਮ ਦੇ ਮਹੱਤਵਪੂਰਨ ਉਦਾਹਰਣ ਵੀ ਸ਼ਾਮਲ ਹਨ।

# ਹੋਰ ਜਾਣਕਾਰੀ ਲਈ

ਸਾਡੀ ਵੈਬਸਾਈਟ 'ਤੇ ਮੈਕੰਿਟੋਸ਼ ਸੰਗ੍ਰਹਿ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ:
**glasgow.ac.uk/hunterian/collections**

ਗਲਾਸਗੋ ਵੱਿਚ ਮੈਕੰਿਟੋਸ਼ ਬਾਰੇ ਹੋਰ ਜਾਣਨ ਲਈ ਵਜ਼ਿਟਿ ਕਰੋ:
**crmsociety.com**

# ਕੈਂਪਸ 'ਤੇ ਹੋਰ ਵੀ

**ਹੰਟੇਰੀਅਨ ਅਜਾਇਬ ਘਰ**
ਸਕਾਟਲੈਂਡ ਦੇ ਖਣਜਿ ਖਜ਼ਾਨਆਿਂ, ਡਾਇਨਾਸੌਰਾਂ, ਜੀਵਾਸ਼ਮਾਂ ਅਤੇ ਸੱਕਿਆਂ ਦੇ ਨਾਲ-ਨਾਲ ਦੁਨੀਆ ਭਰ ਦੀਆਂ ਦੁਰਲੱਭ ਵਸਤੂਆਂ ਵੇਖੋ। ਜਾਨਵਰਾਂ ਦੀ ਵਾਸਤੂਕਲਾ, ਜੈਵ-ਵਭਿੰਿਨਤਾ ਅਤੇ ਵਕਿਾਸ ਵੀ ਇੱਥੇ ਦਖਿਾਏ ਗਏ ਹਨ, ਨਾਲ ਹੀ ਸਕਾਟਲੈਂਡ ਵੱਿਚ ਰੋਮਨਾਂ, ਲਾਰਡ ਕੈਲਵਨਿ ਦੇ ਵਗਿਆਿਨਕ ਉਪਕਰਣਾਂ ਅਤੇ ਸਕਾਟਲੈਂਡ ਵੱਿਚ ਦਵਾਈ ਦੇ ਇਤਹਿਾਸ ਨੂੰ ਸਮਰਪਤਿ ਸਥਾਈ ਪ੍ਰਦਰਸ਼ਨੀਆਂ ਹਨ।

X @hunterian
Facebook @HunterianGlasgow
Instagram @hunterianglasgow

**glasgow.ac.uk/hunterian**

The University of Glasgow, charity number SC004401.